ਦਫ਼ਤਰ ਖੇਤੀਬਾੜੀ ਸਲਾਹਕਾਰ, ਸਿੱਖਿਆ ਵਿਭਾਗ ਪੰਜਾਬ, ਐਸ.ਏ.ਐਸ.ਨਗਰ

ਪੰ.ਸ.ਸਿੱ.ਬੋ.ਕੰਪ., ਬਲਾਕ-ਈ, 7ਵੀਂ ਮੰਜਿਲ, ਫੇਜ਼-8, ਮੋਹਾਲੀ

ਈਮੇਲ: agriconsldpise@gmail.com

ਸੇਵਾ ਵਿਖੇ

ਡਾਇਰੈਟਰ ਸਿੱਖਿਆ ਵਿਭਾਗ(ਸੈਸਿ),
ਪੰਜਾਬ, ਐਸ.ਏ.ਐਸ.ਨਗਰ।

ਮੀਮੋ ਨੰਬਰ: ਈ 139800/DPISE-SPLC0GENL/2/2021-SPECIAL CELL-DPISE/ 27392-94

ਮਿਤੀ: ਐਸ.ਏ.ਐਸ.ਨਗਰ: 31-01-2023

ਵਿਸ਼ਾ:- ਲੇਖਾ ਮੱਦ, 2202-ਜਨਰਲ ਐਜੂ:-02-ਸੈਕੰਡਰੀ ਐਜੂ:-109-ਸਰਕਾਰੀ ਸੈਕੰਡਰੀ ਸਕੂਲਜ਼ (ਐਸ.ਓ.ਈ-13) ਅਧੀਨ ਸਾਲ 2022-23 ਲਈ ਮਿਤੀ 01.01.2023 ਤੋਂ 31.03.2023 ਤੱਕ (ਚੌਥੀ ਤਿਮਾਹੀ ਲਈ) ਦਫ਼ਤਰੀ ਖਰਚਾ (ਖੇਤੀਬਾੜੀ ਫੰਡਜ਼) ਅਲਾਟ ਕਰਨ ਸਬੰਧੀ।

ਹਵਾਲਾ: ਆਪ ਜੀ ਦੇ ਮੀਮੋ ਨੰਬਰ ਈ-312026 Budget(4)/2022171305-311 ਮਿਤੀ 04.07.2022 ਸਬੰਧੀ।

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਰਾਹੀਂ ਇਸ ਦਫ਼ਤਰ ਅਧੀਨ ਖੇਤੀਬਾੜੀ ਫਾਰਮਾਂ ਵਾਲੇ ਸਕੂਲਾਂ ਵਾਸਤੇ ਵਿੱਤੀ ਸਾਲ 2022-23 ਲਈ ਐਸ.ਓ.ਈ.-13 ਤਹਿਤ ਦਫ਼ਤਰੀ ਖਰਚੇ ਵਾਸਤੇ ਕੁੱਲ 5.00 ਲੱਖ ਰੁਪਏ ਦੀ ਬਜਟ ਰਾਸ਼ੀ ਪ੍ਰਵਾਨ ਕੀਤੀ ਗਈ ਹੈ।

ਇਸ ਲਈ ਖੇਤੀਬਾੜੀ ਫਾਰਮਾਂ ਵਾਲੇ ਸਕੂਲਾਂ ਲਈ ਪ੍ਰਵਾਨ ਕੀਤੀ ਗਈ ਬਜਟ ਰਾਸ਼ੀ ਵਿੱਚੋਂ ਫਾਰਮਾਂ ਵਾਲੇ ਸਕੂਲਾਂ ਤੋਂ ਪ੍ਰਾਪਤ ਡਿਮਾਂਡ ਅਨੁਸਾਰ ਬਜਟ ਰਾਸ਼ੀ ਅਲਾਟ ਕਰਨ ਵਾਸਤੇ ਜਿਲ੍ਹਾਵਾਰ/ਸਕੂਲਵਾਈਜ਼ ਸੂਚੀ ਇਸ ਪੱਤਰ ਨਾਲ ਨੱਥੀ ਅਨੁਲੱਗ-ਓ ਅਨੁਸਾਰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਦਫ਼ਤਰੀ ਖਰਚੇ ਦੀ ਰਾਸ਼ੀ ਖੇਤੀਬਾੜੀ ਫਾਰਮਾਂ ਵਾਲੇ ਸਕੂਲਾਂ ਨੂੰ ਅਲਾਟ ਕਰਨ ਲਈ ਸਬੰਧਤ ਜਿਲ੍ਹਾ ਸਿੱਖਿਆ ਅਫ਼ਸਰ(ਸੈਸਿ) ਨੂੰ ਅਲਾਟ ਕਰਨ ਦੀ ਕ੍ਰਿਪਾਲਤਾ ਕੀਤੀ ਜੀ।

ਨੱਥੀ: ਅਨੁਲੱਗ-ਓ

ਸਹਾਇਕ ਡਾਇਰੈਕਟਰ(ਖੇਤਬਾੜੀ)

ਪਿੱਠ ਅੰਕਣ ਨੰ.ਉਕਤ/27393-94 ਮਿਤੀ: 31-01-2023

ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਜਿਲ੍ਹਾ ਸਿੱਖਿਆ ਅਫ਼ਸਰ(ਸੈਸਿ) ਅੰਮ੍ਰਿਤਸਰ, ਹੁਸ਼ਿਆਰਪੁਰ, ਲੁਧਿਆਣਾ, ਸੰਗਰੂਰ, ਮਲੇਰਕੋਟਲਾ, ਗੁਰਦਾਸਪੁਰ, ਮੋਗਾ, ਬਰਨਾਲਾ ਅਤੇ ਜਲੰਧਰ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਨੱਥੀ ਅਨੁਲੱਗ ਅਨੁਸਾਰ ਖੇਤੀਬਾੜੀ ਫਾਰਮਾਂ ਵਾਲੇ ਸਕੂਲਾਂ ਨੂੰ ਦਫ਼ਤਰੀ ਖਰਚੇ ਲਈ ਬਜਟ ਰਾਸ਼ੀ ਦੀ ਅਲਾਟਮੈਂਟ ਕਰਕੇ, ਦਿੱਤੀਆਂ ਸ਼ਰਤਾਂ ਅਧੀਨ ਖਰਚ ਕਰਵਾਉਣੀ ਯਕੀਨੀ ਬਣਾਈ ਜਾਵੇ।
2. ਅਨੁਲੱਗ-ਓ ਵਿੱਚ ਦਰਸਾਏ ਸਬੰਧਤ ਸਕੂਲ ਮੁੱਖੀ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਅਲਾਟ ਰਾਸ਼ੀ ਪੰਜਾਬ ਵਿੱਤੀ ਨਿਯਮਾਂ ਅਨੁਸਾਰ ਅਤੇ ਅਨੁਲੱਗ-ਓ ਵਿੱਚ ਦਿੱਤੀਆਂ ਸ਼ਰਤਾਂ ਅਧੀਨ ਵਿੱਤੀ ਵਰ੍ਹੇ ਦੀ ਸਮਾਪਤੀ ਤੋਂ ਪਹਿਲਾਂ-2 ਖਰਚ ਕਰਨੀ ਯਕੀਨੀ ਬਣਾਈ ਜਾਵੇ। **ਖਰਚ ਕੀਤੀ ਰਾਸ਼ੀ ਦਾ ਵਰਤੋਂ ਸਰਟੀਫਿਕੇਟ (ਸਮੇਤ ਖਰਚੇ ਦੀਆਂ ਰਸੀਦਾਂ ਦੀਆਂ ਕਾਪੀਆਂ) ਰਾਸ਼ੀ ਡਰਾਅ ਹੋਣ ਉਪਰੰਤ ਤੁਰੰਤ ਇਸ ਦਫ਼ਤਰ ਨੂੰ ਭੇਜਿਆ ਜਾਵੇ। ਜੇਕਰ ਕਿਸੇ ਸਕੂਲ ਨੂੰ ਹੋਰ ਬਜਟ ਰਾਸ਼ੀ ਦੀ ਲੋੜ ਹੈ ਤਾਂ ਉਹ ਮਿਤੀ 06.02.2023 ਤੱਕ ਲੋੜੀਂਦੇ ਬਜਟ ਦੀ ਡਿਮਾਂਡ ਹਰ ਹਾਲਤ ਵਿੱਚ ਇਸ ਦਫ਼ਤਰ ਦੀ ਈਮੇਲ ਤੇ ਭੇਜਣੀ ਯਕੀਨੀ ਬਣਾਉਣ।**

ਨੱਥੀ: ਅਨੁਲੱਗ-ਓ

ਸਹਾਇਕ ਡਾਇਰੈਕਟਰ(ਖੇਤਬਾੜੀ)

Scanned with CamScanner

ਅਨੁੱਲਗ-ੳ

ਵਿਸ਼ਾ: ਲੇਖਾ ਮੱਦ, 2202-ਜਨਰਲ ਐਜੂ:-02-ਸੈਕੰਡਰੀ ਐਜੂ:-109-ਸਰਕਾਰੀ ਸੈਕੰਡਰੀ ਸਕੂਲਜ਼ (ਐਸ.ਓ.ਈ-13) ਅਧੀਨ ਸਾਲ 2022-23 ਲਈ ਮਿਤੀ 01.01.2023 ਤੋਂ 31.03.2023 ਤੱਕ (ਚੌਥੀ ਤਿਮਾਹੀ ਲਈ)ਦਫ਼ਤਰੀ ਖਰਚਾ (ਖੇਤੀਬਾੜੀ ਫੰਡਜ਼) ਅਲਾਟ ਕਰਨ ਸਬੰਧੀ ।

ਸਿੱਖਿਆ ਵਿਭਾਗ ਦੇ ਖੇਤੀਬਾੜੀ ਫਾਰਮਾਂ ਵਾਲੇ ਸਕੂਲਾਂ ਨੂੰ ਵਿੱਤੀ ਸਾਲ 2022-23 ਲਈ ਮਿਤੀ 01.01.2023 ਤੋਂ 31.03.2023 ਤੱਕ (ਚੌਥੀ ਤਿਮਾਹੀ ਲਈ) ਐਸ.ਓ.ਈ.-13 ਅਧੀਨ ਹੇਠ ਲਿਖੇ ਅਨੁਸਾਰ ਬਜਟ ਰਾਸ਼ੀ ਅਲਾਟ ਕੀਤੀ ਜਾਂਦੀ ਹੈ:

| ਲੜੀ ਨੰ | ਜਿਲ੍ਹਾ | ਸਕੂਲ ਦਾ ਨਾਮ | ਬਜਟ ਅਲਾਟਮੈਂਟ | ਜਿਲ੍ਹਾਵਾਰ ਜੋੜ |
|---|---|---|---|---|
| 1 | ਅੰਮ੍ਰਿਤਸਰ | ਸਸਸਸ ਸੰਗਤਪੁਰਾ | 8100 | 57600 |
| 2 | ਅੰਮ੍ਰਿਤਸਰ | ਸਸਸਸ ਵਿਛੋਆ | 49500 | |
| 3 | ਹੁਸ਼ਿਆਰਪੁਰ | ਸਸਸਸ ਖੁਆਸਪੁਰ ਹੀਰਾਂ | 23900 | 30080 |
| 4 | ਹੁਸ਼ਿਆਰਪੁਰ | ਸਸਸਸ ਬਡਲਾ | 1530 | |
| 5 | ਹੁਸ਼ਿਆਰਪੁਰ | ਸਸਸਸ ਫਤਹਿਪੁਰ ਭੱਟਲਾਂ | 4650 | |
| 6 | ਲੁਧਿਆਣਾ | ਸਹਸ ਜਰਗ | 4600 | 14880 |
| 7 | ਲੁਧਿਆਣਾ | ਸਸਸਸ ਟਾਹਲੀ ਸਾਹਿਬ | 2900 | |
| 8 | ਲੁਧਿਆਣਾ | ਸਸਸਸ ਗਿੱਲ | 3780 | |
| 9 | ਲੁਧਿਆਣਾ | ਸਸਸਸ ਹਠੂਰ | 3600 | |
| 10 | ਸੰਗਰੂਰ | ਸਹਸ ਰਾਜੋਮਾਜਰਾ | 12100 | 70080 |
| 11 | ਸੰਗਰੂਰ | ਸਸਸਸ ਮੌੜਾਂ ਵਾਇਆ ਸੰਗਰੂਰ | 27980 | |
| 12 | ਸੰਗਰੂਰ | ਸਸਸਸ ਕਾਂਝਲਾ | 30000 | |
| 13 | ਮਲੇਰਕੋਟਲਾ | ਸਸਸਸ ਕੁਠਾਲਾ | 4260 | 4260 |
| 14 | ਗੁਰਦਾਸਪੁਰ | ਸਸਸਸ ਹਰਗੋਬਿੰਦਪੁਰ (ਲੜਕੇ) | 2400 | 2400 |
| 15 | ਮੋਗਾ | ਸਸਸਸ ਜੀ.ਟੀ.ਬੀ. ਗੜ੍ਹ | 45000 | 125340 |
| 16 | ਮੋਗਾ | ਸਸਸਸ ਬੁੱਟਰ (ਲੜਕੇ) | 80340 | |
| 17 | ਬਰਨਾਲਾ | ਸਸਸਸ ਸੁੱਖਪੁਰ | 30000 | 30000 |
| 18 | ਜਲੰਧਰ | ਸਸਸਸ ਭਟਨੂਰਾ | 51900 | 51900 |
| | | ਕੁੱਲ ਜੋੜ | 386540 | 386540 |

(ਕੇਵਲ ਤਿੰਨ ਲੱਖ ਛਿਆਸੀ ਹਜਾਰ ਪੰਜ ਸੌ ਚਾਲੀ ਰੁਪਏ)

ਸ਼ਰਤਾਂ-

1. ਅਲਾਟ ਕੀਤੀ ਰਾਸ਼ੀ ਦੇ ਕਲੇਮ ਪੰਜਾਬ ਵਿੱਤੀ ਨਿਯਮਾਂਵਲੀ ਵਿੱਚ ਦਿੱਤੀਆਂ ਸ਼ਰਤਾਂ ਅਧੀਨ ਤੁਰੰਤ ਖਜਾਨੇ ਜਮ੍ਹਾਂ ਕਰਵਾਏ ਜਾਣ ਅਤੇ ਰਾਸ਼ੀ ਚਾਲੂ ਵਿੱਤੀ ਸਾਲ ਦੌਰਾਨ ਖਰਚ ਕਰਨੀ ਯਕੀਨੀ ਬਣਾਈ ਜਾਵੇ ਅਤੇ ਕਿਸੇ ਵੀ ਸੂਰਤ ਵਿੱਚ ਅਲਾਟ ਕੀਤੀ ਰਾਸ਼ੀ ਲੈਪਸ ਨਹੀਂ ਹੋਣੀ ਚਾਹੀਦੀ।
2. ਸਕੂਲਾਂ ਨੂੰ ਅਲਾਟ ਕੀਤੀ ਗਈ ਰਾਸ਼ੀ ਕੇਵਲ ਖੇਤੀਬਾੜੀ ਫਾਰਮਾਂ ਦੀ ਬਿਹਤਰੀ ਲਈ, ਫਾਰਮਾਂ ਤੋਂ ਹੋਣ ਵਾਲੀ ਆਮਦਨ ਵਿੱਚ ਵਾਧਾ ਕਰਨ ਲਈ ਉਪਰਾਲੇ ਕਰਨ ਲਈ ਅਤੇ ਸਕੂਲ ਵੱਲੋਂ ਖੇਤੀਬਾੜੀ ਫਾਰਮ ਤੇ ਕੀਤੇ ਖਰਚੇ ਦੀ ਪ੍ਰਤੀ ਪੂਰਤੀ ਵਜੋਂ ਹੀ ਖਰਚ ਕੀਤੀ ਜਾਵੇ।
3. ਜੇਕਰ ਕਿਸੇ ਸਕੂਲਾਂ ਵੱਲੋਂ ਆਪਣੇ ਪੱਧਰ ਤੇ ਕਿਸੇ ਸਰਕਾਰੀ ਫੰਡ ਵਿਚੋਂ ਖੇਤੀਬਾੜੀ ਫਾਰਮ ਦੀ ਜਮੀਨ ਤੇ ਜਾਂ ਸਿੰਚਾਈ ਸਾਧਨ ਤੇ ਕੋਈ ਖਰਚ ਕੀਤਾ ਗਿਆ ਹੈ ਤਾਂ ਦਫ਼ਤਰੀ ਖਰਚੇ ਦੀ ਅਲਾਟਮੈਂਟ ਵਿਚੋਂ ਰਾਸ਼ੀ ਡਰਾਅ ਕਰਕੇ ਤੁਰੰਤ ਸਬੰਧਤ ਲੇਖਾ ਮੱਦ/ਖਾਤੇ ਵਿੱਚ ਜਮ੍ਹਾਂ ਕਰਵਾਈ ਜਾਵੇ।
4. **ਜੇਕਰ ਕਿਸੇ ਸਕੂਲ ਨੂੰ ਹੋਰ ਬਜਟ ਰਾਸ਼ੀ ਦੀ ਲੋੜ ਹੈ ਤਾਂ ਉਹ ਮਿਤੀ 06.02.2023 ਤੱਕ ਲੋੜੀਂਦੇ ਬਜਟ ਦੀ ਡਿਮਾਂਡ ਹਰ ਹਾਲਤ ਵਿੱਚ ਇਸ ਦਫ਼ਤਰ ਦੀ ਈਮੇਲ ਤੇ ਭੇਜਣੀ ਯਕੀਨੀ ਬਣਾਉਣ।**
5. ਖਰਚ ਕੀਤੀ ਰਾਸ਼ੀ ਦਾ ਵਰਤੋਂ ਸਰਟੀਫਿਕੇਟ (ਸਮੇਤ ਖਰਚੇ ਦੀਆਂ ਰਸੀਦਾਂ ਦੀਆਂ ਕਾਪੀਆਂ) ਰਾਸ਼ੀ ਡਰਾਅ ਹੋਣ ਉਪਰੰਤ ਤੁਰੰਤ ਇਸ ਦਫ਼ਤਰ ਨੂੰ ਭੇਜਿਆ ਜਾਵੇ।

ਸਹਾਇਕ ਡਾਇਰੈਕਟਰ(ਖੇਤਬਾੜੀ)

Scanned with CamScanner